



# Orientation to Ontario



1-855-626-0002
https://settlement.org/o2o

## ਸਰਕਾਰੀ ਆਵਾਜਾਈ ਵਿੱਚ ਸਲੀਕਾ

ਓਂਟਾਰੀਓ ਵਿੱਚ ਕਈ ਭਾਈਚਾਰਿਆਂ ਲਈ ਟ੍ਰੇਨਾਂ, ਸਬਵੇ, ਹਲਕੀ ਰੈਪਿਡ ਟ੍ਰਾਂਜ਼ਿਟ (LRT), ਸਟ੍ਰੀਟ ਕਾਰਾਂ ਅਤੇ ਬੱਸਾਂ ਵਰਗੇ ਸਰਕਾਰੀ ਆਵਾਜਾਈ ਦੇ ਸਿਸਟਮ ਮੌਜੂਦ ਹਨ।

### ਸਟਾਪ ਅਤੇ ਸਟੇਸ਼ਨ

- ਟ੍ਰਾਂਜ਼ਿਟ ਗੱਡੀਆਂ ਸਟੇਸ਼ਨਾਂ ਜਾਂ ਮਿੱਥੇ ਹੋਏ ਸਟਾਪਾਂ 'ਤੇ ਰੁਕਦੀਆਂ ਹਨ।
- ਸਾਰੀਆਂ ਟ੍ਰਾਂਜ਼ਿਟ ਗੱਡੀਆਂ ਅਗਲੇ ਸਟਾਪ ਦਾ ਐਲਾਨ ਕਰਦੀਆਂ ਹਨ ਅਤੇ ਇਹ ਸਕ੍ਰੀਨ 'ਤੇ ਡਿਸਪਲੇ ਹੁੰਦਾ ਹੈ।
- ਟ੍ਰਾਂਜ਼ਿਟ ਦੇ ਕੁਝ ਸਟਾਪਾਂ 'ਤੇ ਛੋਟੇ ਸ਼ੈਲਟਰ ਹੁੰਦੇ ਹਨ ਅਤੇ ਕੁਝ 'ਤੇ ਸਿਰਫ਼ ਸੰਕੇਤ ਹੋ ਸਕਦਾ ਹੈ।
- ਟ੍ਰਾਂਜ਼ਿਟ ਡ੍ਰਾਈਵਰ, ਸਟਾਪ 'ਤੇ ਕਿਸੇ ਨੂੰ ਉਡੀਕ ਕਰਦਿਆਂ ਵੇਖਕੇ ਗੱਡੀ ਰੋਕਦੇ ਹਨ।
- ਡ੍ਰਾਈਵਰ ਨੂੰ ਰੋਕਣ ਲਈ ਕਹਿਣ ਵਾਸਤੇ ਮੁਸਾਫ਼ਰ ਬਟਨ ਦੱਬ ਸਕਦੇ ਹਨ ਜਾਂ ਘੰਟੀ ਵਜਾਉਣ ਵਾਲੀ ਰੱਸੀ ਖਿੱਚ ਸਕਦੇ ਹਨ।
- ਟ੍ਰਾਂਜ਼ਿਟ ਦੇ ਸਟੇਸ਼ਨ ਆਮ ਤੌਰ 'ਤੇ ਟ੍ਰੇਨਾਂ, ਬੱਸਾਂ ਅਤੇ LRT ਲਈ ਹੁੰਦੇ ਹਨ। ਉਹਨਾਂ ਦੇ ਸ਼ੈਲਟਰ, ਬਹਿਣ ਦੀ ਥਾਂ, ਜਾਣਕਾਰੀ, ਦੁਕਾਨਾਂ ਅਤੇ ਸਰਕਾਰੀ ਟੌਇਲਟ ਹੁੰਦੇ ਹਨ।
- ਸਟੇਸ਼ਨਾਂ 'ਤੇ ਟ੍ਰੇਨਾਂ ਅਤੇ ਬੱਸਾਂ ਤੈਅ ਸਮੇਂ ਲਈ ਰੁਕਦੀਆਂ ਹਨ, ਭਾਵੇਂ ਕੋਈ ਉੱਥੇ ਉਡੀਕ ਨਹੀਂ ਕਰ ਰਿਹਾ ਅਤੇ ਕਿਸੇ ਨੇ ਰੋਕਣ ਲਈ ਨਹੀਂ ਕਿਹਾ।




### ਰੂਟ ਅਤੇ ਸਮੇਂ

- ਟ੍ਰਾਂਜ਼ਿਟ ਸਿਸਟਮਾਂ ਦੇ ਤੈਅ ਰੂਟ ਹੁੰਦੇ ਹਨ – ਨਕਸ਼ੇ ਅਤੇ ਸਮੇਂ ਆਨਲਾਈਨ ਅਤੇ ਸਟੇਸ਼ਨਾਂ 'ਤੇ ਉਪਲਬਧ ਹਨ।
- ਇਹ ਸਮੇਂ ਹਫ਼ਤੇ ਦੇ ਅਖ਼ੀਰਲੇ ਦਿਨਾਂ ਅਤੇ ਛੁੱਟੀਆਂ ਵਿੱਚ ਬਦਲ ਸਕਦੇ ਹਨ।
- ਦੇਰ ਹੋਣ ਦਾ ਐਲਾਨ ਕਰਨ ਲਈ ਟ੍ਰਾਂਜ਼ਿਟ ਸਿਸਟਮ ਆਪਣੀ ਵੈਬਸਾਈਟ, ਰੇਡੀਓ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ।



ਆਪਣੇ ਸਫ਼ਰ ਦਾ ਪਲਾਨ ਬਣਾਉਣ ਲਈ ਸਮਾਂ ਵੇਖੋ ਅਤੇ ਵੇਖੋ ਕਿ ਜਾਣ ਲਈ ਅਗਲੀ ਗੱਡੀ ਕਦੋਂ ਆ ਰਹੀ ਹੈ।

### ਆਪਣੇ ਕਿਰਾਏ ਦਾ ਭੁਗਤਾਨ ਕਰਨਾ

- ਗੱਡੀ 'ਤੇ ਚੜ੍ਹਣ ਵੇਲੇ ਆਪਣੇ ਕਿਰਾਏ ਦੀ ਸਹੀ ਰਕਮ ਦਾ ਭੁਗਤਾਨ ਕਰੋ, ਕਿਉਂਕਿ ਡ੍ਰਾਈਵਰ ਤੁਹਾਨੂੰ ਰੇਜ਼ਗਾਰੀ ਨਹੀਂ ਦੇ ਸਕਦਾ।
- ਬਿਨਾ ਭੁਗਤਾਨ ਕੀਤਿਆਂ ਸਫ਼ਰ ਕਰਨਾ ਗ਼ੈਰਕਾਨੂੰਨੀ ਹੈ – ਤੁਹਾਡੇ 'ਤੇ ਜੁਰਮਾਨਾ ਲੱਗ ਸਕਦਾ ਹੈ।
- ਸਟੇਸ਼ਨਾਂ 'ਤੇ ਅਤੇ ਕੁਝ ਸਟੋਰਾਂ ਤੋਂ ਟਿਕਟਾਂ ਜਾਂ ਟੋਕਨ ਖ਼ਰੀਦੋ।
- ਜੇ ਤੁਹਾਡਾ ਇੱਕ ਦਿਨ ਵਿੱਚ ਕਈ ਵਾਰੀ ਸਫ਼ਰ ਕਰਨ ਦਾ ਪਲਾਨ ਹੈ, ਤਾਂ ਤੁਸੀਂ ਦਿਨ ਦਾ ਪਾਸ ਖ਼ਰੀਦ ਸਕਦੇ ਹੋ।
- ਕਿਰਾਏ ਦੀਆਂ ਜਾਅਲੀ ਟਿਕਟਾਂ ਜਾਂ ਚੋਰੀ ਕੀਤੇ ਗਏ ਕਾਰਡ ਲੈਣ ਤੋਂ ਬਚਣ ਲਈ ਆਪਣੇ ਕਿਰਾਏ ਦੀਆਂ ਟਿਕਟਾਂ ਅਖ਼ਤਿਆਰ ਪ੍ਰਾਪਤ ਡੀਲਰਾਂ ਤੋਂ ਖ਼ਰੀਦੋ।

### ਟ੍ਰਾਂਸਫ਼ਰ

- ਆਪਣੇ ਕਿਰਾਏ ਦਾ ਭੁਗਤਾਨ ਕਰਨ ਵੇਲੇ ਮਸ਼ੀਨ ਜਾਂ ਡ੍ਰਾਈਵਰ ਤੋਂ ਪਰਚੀ ਲਓ, ਤਾਂ ਜੋ ਤੁਸੀਂ ਦੂਜੀ ਬੱਸ ਵਿੱਚ ਸਫ਼ਰ ਕਰ ਸਕੋ।

**ਸਰਕਾਰੀ ਟ੍ਰਾਂਜ਼ਿਟ ਵਿੱਚ ਸਫ਼ਰ ਕਰਨਾ:** ਟ੍ਰਾਂਜ਼ਿਟ ਦੇ ਵਰਕਰਾਂ ਦਾ ਸਤਿਕਾਰ ਕਰੋ ਅਤੇ ਇਹਨਾਂ ਨਾਲ ਨਿਮਰਤਾ ਨਾਲ ਗੱਲ ਕਰੋ:

- ਚੜ੍ਹਣ ਲਈ ਲਾਈਨ ਵਿੱਚ ਉਡੀਕ ਕਰੋ ਅਤੇ ਪਹਿਲਾਂ ਲੋਕਾਂ ਨੂੰ ਉਤਰਣ ਦਿਓ।
- ਭੀੜ ਭਰੇ ਸਟੇਸ਼ਨਾਂ ਜਾਂ ਗੱਡੀਆਂ ਵਿੱਚ ਧੱਕਾ ਨਾ ਮਾਰੋ ਅਤੇ ਆਪਣਾ ਪਿੱਠੂ ਲਾਹ ਲਓ।
- ਗੱਡੀ 'ਤੇ ਚੜ੍ਹਦਿਆਂ ਸਾਰ ਬੂਹਿਆਂ ਤੋਂ ਪਰ੍ਹੇ ਹੋ ਜਾਓ।

Funded by / Financé par

Immigration, Refugees and Citizenship Canada | Immigration, Réfugiés et Citoyenneté Canada

Ontario

- ਵੱਡੇ-ਬਜ਼ੁਰਗਾਂ, ਗਰਭਵਤੀ ਔਰਤਾਂ, ਅਸਮਰਥ (ਅਪੰਗ) ਵਿਅਕਤੀਆਂ ਅਤੇ ਛੋਟੇ ਬੱਚਿਆਂ ਨਾਲ ਸਫ਼ਰ ਕਰ ਰਹੇ ਲੋਕਾਂ ਨੂੰ ਆਪਣੀ ਸੀਟ ਦਿਓ।
- ਆਪਣੇ ਪੈਰ ਅਤੇ ਬੈਗ ਫ਼ਰਸ਼ 'ਤੇ ਰੱਖੋ।
- ਸੰਗੀਤ ਸੁਣਨ ਲਈ ਹੈਡਫੋਨ ਦੀ ਵਰਤੋਂ ਕਰੋ ਅਤੇ ਫੋਨ 'ਤੇ ਅਰਾਮ ਨਾਲ ਗੱਲ ਕਰੋ।
- ਗੱਡੀ ਵਿੱਚ ਆਪਣਾ ਕੂੜਾ ਨਾ ਛੱਡੋ।
- ਗੱਡੀਆਂ 'ਤੇ, ਟ੍ਰਾਂਜ਼ਿਟ ਸਟਾਪਾਂ 'ਤੇ ਜਾਂ ਸਟੇਸ਼ਨਾਂ ਵਿੱਚ ਤੰਬਾਕੂਨੋਸ਼ੀ ਦੀ ਆਗਿਆ ਨਹੀਂ ਹੈ।

## ਪਹੁੰਚਯੋਗ ਟ੍ਰਾਂਜ਼ਿਟ

ਓਂਟਾਰੀਓ ਵਿੱਚ ਸਰਕਾਰੀ ਟ੍ਰਾਂਜ਼ਿਟ ਸਿਸਟਮ, ਉਹਨਾਂ ਅਸਮਰਥ (ਅਪੰਗ) ਲੋਕਾਂ, ਜੋ ਟ੍ਰਾਂਜ਼ਿਟ ਲਈ ਸਫ਼ਰ ਵਾਸਤੇ ਵ੍ਹੀਲਚੇਅਰ ਜਾਂ ਖੂੰਡੀਆਂ ਜਾਂ ਬੈਸਾਖੀਆਂ ਵਰਗੇ ਤੁਰਨ-ਫਿਰਨ ਦੇ ਹੋਰ ਤਰੀਕਿਆਂ ਦੀ ਵਰਤੋਂ ਕਰ ਸਕਦੇ ਹਨ, ਲਈ ਪਹੁੰਚਯੋਗ ਗੱਡੀਆਂ ਮੁਹੱਈਆ ਕਰਦਾ ਹੈ।

ਵਿਸ਼ੇਸ ਪਹੁੰਚਯੋਗ ਟ੍ਰਾਂਜ਼ਿਟ ਗੱਡੀਆਂ ਵੀ ਹਨ, ਜਿਹਨਾਂ ਨੂੰ ਪਹਿਲਾਂ ਤੋਂ ਬੁੱਕ ਕੀਤੇ ਜਾਣਾ ਚਾਹੀਦਾ ਹੈ। ਇਸਦੀ ਲਾਗਤ ਸਥਾਨਕ ਸਰਕਾਰੀ ਟ੍ਰਾਂਜ਼ਿਟ ਜਿੰਨੀ ਹੀ ਹੈ, ਪਰ ਸੇਵਾ ਲਈ ਸਫ਼ਰ ਕਰਨ ਵਾਲਾ ਹੱਕਦਾਰ ਜ਼ਰੂਰ ਹੋਣਾ ਚਾਹੀਦਾ ਹੈ। ਪਹੁੰਚਯੋਗ ਟ੍ਰਾਂਜ਼ਿਟ ਬਾਰੇ ਜਾਣਕਾਰੀ ਲਈ ਆਪਣੇ ਸਥਾਨਕ ਸਰਕਾਰੀ ਪਹੁੰਚਯੋਗ ਟ੍ਰਾਂਜ਼ਿਟ ਨਾਲ ਸੰਪਰਕ ਕਰੋ।

## ਟੈਕਸੀਆਂ ਅਤੇ ਸਾਂਝਾ ਸਫ਼ਰ

- ਟੈਕਸੀਆਂ ਨੂੰ ਸਰਕਾਰ ਵਲੋਂ ਨੇਮਬੱਧ ਕੀਤਾ ਜਾਂਦਾ ਹੈ ਅਤੇ ਡ੍ਰਾਈਵਰਾਂ ਨੂੰ ਗੱਡੀ ਵਿੱਚ ਆਪਣਾ ਲਾਇਸੈਂਸ ਡਿਸਪਲੇ ਜ਼ਰੂਰ ਕਰਨਾ ਚਾਹੀਦਾ ਹੈ। ਟੈਕਸੀਆਂ ਮੀਟਰ ਦੀ ਵਰਤੋਂ ਕਰਦੀਆਂ ਹਨ। ਲੰਮੇ ਟ੍ਰਿਪਾਂ ਲਈ ਕੁਝ ਟੈਕਸੀ ਸੇਵਾਵਾਂ ਦੇ ਰੇਟ ਉੱਕੇ-ਪੁੱਕੇ ਹੁੰਦੇ ਹਨ।
- ਵੱਡੇ ਭਾਈਚਾਰਿਆਂ ਕੋਲ ਵੀ Uber ਅਤੇ Lyft ਵਰਗੀ ਰਾਈਡ ਸ਼ੇਅਰਿੰਗ ਐਪ ਹੁੰਦੀ ਹੈ, ਜੋ ਤੁਹਾਨੂੰ ਦੱਸਦੀ ਹੈ ਅਤੇ ਡ੍ਰਾਈਵਰ ਨੂੰ ਆਪਣੇ ਸਮਾਰਟਫੋਨ ਤੋਂ ਭੁਗਤਾਨ ਕਰੋ। ਇਹਨਾਂ ਡ੍ਰਾਈਵਰਾਂ ਕੋਲ ਟੈਕਸੀ ਦੇ ਲਾਇਸੈਂਸ ਨਹੀਂ ਹੁੰਦੇ।







